# ਕਾਰਕ ਅਤੇ ਕਾਰਕੀ ਸੰਬੰਧ

# ਵਿਆਕਰਨਿਕ ਸ਼੍ਰੇਣੀਆਂ :

ਵਿਆਕਰਨਿਕ ਸ਼੍ਰੇਣੀਆਂ ਦਾ ਸੰਬੰਧ ਵਿਆਕਰਨਿਕ ਇਕਾਈਆਂ ਅਤੇ ਸ਼ਬਦ ਸ਼੍ਰੇਣੀਆਂ ਦੀ ਪਛਾਣ ਨਾਲ ਹੁੰਦਾ ਹੈ।

ਵਿਆਕਰਨਿਕ ਇਕਾਈਆਂ ਵਿਚ ਵਾਕ, ਉਪਵਾਕ,ਵਾਕੰਸ਼, ਸ਼ਬਦ ਅਤੇ ਭਾਵੰਸ਼ ਸ਼ਾਮਿਲ ਹਨ। ਇਸੇ ਤਰ੍ਹਾਂ ਸ਼ਬਦ

ਸ਼੍ਰੇਣੀਆਂ ਵਿਚ ਨਾਂਵ,ਪੜਨਾਂਵ,ਵਿਸ਼ੇਸ਼ਣ,ਕਿਰਿਆ, ਕਿਰਿਆ ਵਿਸ਼ੇਸ਼ਣ,ਸੰਬੰਧਕ,ਯੋਜਕ ਅਤੇ ਵਿਸਮਿਕ ਅਦਿ ਤੱਤ

ਆਉਂਦੇ ਹਨ । ਵਚਨ, ਲਿੰਗ, ਪੁਰਖ,ਕਾਲ,ਪੱਖ,ਮਨੋਦਸ਼ਾ,ਵਾਚ ਅਤੇ ਕਾਰਕ ਆਦਿ ਵਿਆਕਰਨਿਕ ਸ਼੍ਰੇਣੀਆਂ

ਦਾ ਹਿੱਸਾ ਹਨ ।

# ਕਾਰਕ:

- ਕਾਰਕ ਵਿਆਕਰਨਿਕ ਸ਼੍ਰੇਣੀਆਂ ਵਿਚ  ਸ਼ਾਮਿਲ ਹੈ। ਇਹ ਵਿਆਕਰਨ ਦਾ ਇੱਕ ਮਹੱਤਵਪੂਰਨ ਅੰਗ ਹੈ । ਵਾਕ ਵਿਚਲੇ
- ਨਾਂਵ ਜਾਂ ਨਾਂਵ ਵਾਕੰਸ਼ ਅਤੇ ਕਿਰਿਆ ਜਾਂ ਕਿਰਿਆ ਵਾਕੰਸ਼ ਦੇ ਆਪਸੀ ਸਬੰਧਾਂ ਨੂੰ ਕਾਰਕ ਆਖਿਆ ਜਾਂਦਾ ਹੈ । ਬਾਕੀ
- ਭਾਸ਼ਾਵਾਂ ਨਾਲੋਂ ਪੰਜਾਬੀ ਵਿਚ ਕਾਰਕ ਦੀ ਸਥਿਤੀ ਵੱਖਰੀ ਹੈ । ਅਜੋਕੀ ਪੰਜਾਬੀ ਵਿਚ ਕਾਰਕਾਂ ਦੀਆਂ ਛੇ ਕਿਸਮਾਂ ਮੰਨੀਆਂ
- ਜਾਂਦੀਆਂ ਹਨ:

1. ਕਰਤਾ ਕਾਰਕ
2. ਕਰਮ ਕਾਰਕ
3. ਕਰਨ ਕਾਰਕ
4. ਅਪਾਦਾਨ ਕਾਰਕ
5. ਸੰਪਰਦਾਨ ਕਾਰਕ
6. ਅਧਿਕਰਨ ਕਾਰਕ

# ਕਾਰਕੀ ਸੰਬੰਧ

- ਵਾਕਾਤਮਕ ਬਣਤਰ ਵਿਚ ਹਰ ਕਾਰਕ ਦਾ ਆਪਣਾ ਨਿੱਜੀ ਖੇਤਰ ਹੁੰਦਾ ਹੈ। ਹਰ ਕਾਰਕ ਦਾ ਵਾਕਾਤਮਕ ਕਾਰਜ
- ਵਾਕ ਵਿਚਲੇ ਦੂਜੇ ਕਾਰਕਾਂ ਨਾਲੋਂ ਅਲੱਗ ਹੁੰਦਾ ਹੈ। ਪੰਜਾਬੀ ਭਾਸ਼ਾ ਵਿਚ ਕਾਰਕੀ ਸੰਬੰਧਾਂ ਨੂੰ ਤਿੰਨ ਪੱਧਰਾਂ ਉਪਰ
- ਵੇਖਿਆ ਜਾਂਦਾ ਹੈ :

1. ਸ਼ਬਦ ਵਿਚਰਨ ਤਰਤੀਬ ਰਾਹੀਂ
2. ਸੰਬੰਧਕਾਂ ਰਾਹੀਂ
3. ਵਿਭਕਤੀਆਂ ਰਾਹੀਂ

# 1. ਸ਼ਬਦ ਵਿਚਰਨ ਤਰਤੀਬ ਰਾਹੀਂ :

ਪੰਜਾਬੀ ਭਾਸ਼ਾ ਦੀ ਵਾਕ ਬਣਤਰ ਦੀ ਤਰਤੀਬ ਕਰਤਾ +ਕਰਮ + ਕਿਰਿਆ ਵਾਲੀ ਹੈ ,ਅਰਥਾਤ ਪਹਿਲੇ ਸਥਾਨ ਉਪਰ ਕਰਤਾ ਕਾਰਕ ਆਉਂਦਾ ਹੈ ਅਤੇ ਦੂਸਰੇ ਸਥਾਨ ਉਪਰ ਕਰਮ ਕਾਰਕ । ਵਾਕ ਵਿਚ ਵਿਚਰਨ ਦੇ ਅਨੁਸਾਰ ਇਹਨਾਂ ਵਿਚ ਕਿਤੇ ਕਿਤੇ ਤਬਦੀਲੀ ਵੀ ਆ ਜਾਂਦੀ ਹੈ, ਜਿਸ ਨਾਲ ਸ਼ਬਦਾਂ ਦੀ ਅਦਲਾ ਬਦਲੀ ਹੋ ਸਕਦੀ ਹੈ । ਜਿਵੇਂ :

ਰਾਮ ਨੇ ਸੱਪ ਨੂੰ ਮਾਰਿਆ ।

ਸੱਪ ਨੂੰ ਰਾਮ ਨੇ ਮਾਰਿਆ ।

# 2. ਸੰਬੰਧਕਾਂ ਰਾਹੀਂ :

- ਸੰਬੰਧਕ ਅਜਿਹੇ ਕਾਰਕੀ ਚਿੰਨ੍ਹ ਹੁੰਦੇ ਹਨ, ਜਿਹਨਾਂ ਤੋਂ ਕਾਰਕ ਦੀ ਜਾਣਕਾਰੀ ਮਿਲਦੀ ਹੈ ।
- ਨੇ/ਨੂੰ/ਤੋਂ/ਵਿਚੋਂ/ਨਾਲ ਆਦਿ ਸੰਬੰਧਕ ਕਾਰਕੀ ਸੰਬੰਧਾਂ ਨੂੰ ਪੇਸ਼ ਕਰਦੇ ਹਨ । ਜਿਵੇਂ:
- ਰਾਮ ਨੇ –(ਕਰਤਾ ਕਾਰਕ)
- ਸੀਤਾ ਨੂੰ – (ਕਰਮ ਕਾਰਕ )
- ਸਕੂਲ ਤੋਂ – (ਅਪਾਦਾਨ ਕਾਰਕ)
- ਸ਼ਹਿਰ ਨੂੰ – (ਸੰਪਰਦਾਨ ਕਾਰਕ )
- ਬਜ਼ਾਰ ਵਿਚ - (ਅਧਿਕਰਨ ਕਾਰਕ )
- ਪੈੱਨ ਨਾਲ – (ਕਰਨ ਕਾਰਕ )

# ਵਿਭਕਤੀਆਂ ਰਾਹੀਂ :

- ਸ਼ਬਦ ਰੂਪਾਂ ਦੇ ਪਿੱਛੇ ਲੱਗਣ ਵਾਲੇ ਕਾਰਕੀ ਚਿੰਨ੍ਹਾਂ ਨੂੰ ਵਿਭਕਤੀਆਂ ਕਿਹਾ ਜਾਂਦਾ ਹੈ । ਇਹਨਾਂ ਵਿਭਕਤੀਆਂ ਰਾਹੀਂ
- ਕਾਰਕ ਦੀ ਜਾਣਕਾਰੀ ਮਿਲਦੀ ਹੈ :-
- ਬੱਸੋਂ ( ਬੱਸ + ਤੋਂ – ਅਪਾਦਾਨ ਕਾਰਕ )
- ਅੱਖੀਂ ( ਅੱਖ + ਨਾਲ - ਕਰਨ ਕਾਰਕ )
- ਘਰੀਂ ( ਘਰ + ਵਿਚ - ਅਧਿਕਰਨ ਕਾਰਕ )

# ਪੰਜਾਬੀ ਵਿਚ ਛੇ ਤਰਾਂ ਦੇ ਕਾਰਕ ਵਰਤੇ ਜਾਂਦੇ ਹਨ :

- **ਕਰਤਾ ਕਾਰਕ** :
- ਕਰਤਾ ਕਾਰਕ ਵਾਕ ਵਿਚ ਪਹਿਲੇ ਸਥਾਨ ਤੇ ਆਉਂਦਾ ਹੈ । ਵਾਕ ਵਿਚ ਜਿਹੜਾ ਨਾਂਵ ਕਿਰਿਆ
- ਕਰਨ ਵਾਲੇ ਦੀ ਸੂਚਨਾ ਦੇਵੇ , ਉਸਨੂੰ ਕਰਤਾ ਕਾਰਕ ਕਿਹਾ ਜਾਂਦਾ ਹੈ । ਜਿਵੇਂ :
- ਸੀਤਾ ਕਹਾਣੀ ਲਿਖਦੀ ਹੈ ।

- **ਕਰਮ ਕਾਰਕ :**
- ਵਾਕ ਵਿਚ ਜਿਸ ਸ਼ਬਦ ਉਪਰ ਕਿਰਿਆ ਦੇ ਵਾਪਰਨ ਦੀ ਸੂਚਨਾ ਮਿਲਦੀ ਹੈ, ਉਸਨੂੰ ਕਰਮ
- ਕਾਰਕ ਕਿਹਾ ਜਾਂਦਾ ਹੈ ।ਇਹ ਕਿਰਿਆ ਦੇ ਉਦੇਸ਼ ਨੂੰ ਪ੍ਰਗਟਾਉਂਦਾ ਹੈ । ਜਿਵੇਂ :
- ਅਧਿਆਪਕ ਕਿਤਾਬ ਪੜ੍ਹਾਉਂਦਾ ਹੈ ।

- **ਕਰਨ ਕਾਰਕ :**
- ਜਿਸ ਸ਼ਬਦ ਰਾਹੀਂ ਵਾਕ ਵਿਚ ਕਿਰਿਆ ਦੇ ਹੋਣ ਦਾ ਸਾਧਨ ਪ੍ਰਗਟ ਕੀਤਾ ਜਾਂਦਾ ਹੈ, ਉਸਨੂੰ
- ਕਰਨ ਕਾਰਕ ਕਹਿੰਦੇ ਹਨ । ਜਿਵੇਂ :
- ਖਿਡਾਰੀ ਫੁੱਟਬਾਲ ਨਾਲ ਖੇਡਦੇ ਹਨ ।

- **ਅਪਾਦਾਨ ਕਾਰਕ :**
- ਇਸ ਕਾਰਕ ਰਾਹੀਂ ਕਿਸੇ ਵਸਤੂ, ਸਥਾਨ ਜਾਂ ਕਾਰਜ ਤੋਂ ਵਿਛੜਨ ਦੀ ਸੂਚਨਾ ਮਿਲਦੀ ਹੈ
- ਜਿਵੇਂ :
- ਸ਼ਾਮ ਗੱਡੀ ਤੋਂ ਉਤਰਿਆ ।

- **ਸੰਪਰਦਾਨ ਕਾਰਕ :**
- ਜਿਸ ਕਾਰਕ ਰਾਹੀਂ ਕਿਸੇ ਸਥਾਨ, ਵਸਤੂ ਜਾਂ ਕਾਰਜ ਨਾਲ ਜੁੜਨ ਦੀ ਸੂਚਨਾ ਮਿਲਦੀ
- ਹੋਵੇ, ਉਸਨੂੰ ਸੰਪਰਦਾਨ ਕਾਰਕ ਕਿਹਾ ਜਾਂਦਾ ਹੈ । ਜਿਵੇਂ :
- ਅਧਿਆਪਕ ਵਿਦਿਆਰਥੀਆਂ ਨੂੰ ਪੜ੍ਹਾ ਰਿਹਾ ਸੀ ।

**ਅਧਿਕਰਨ ਕਾਰਕ :**

ਵਾਕ ਬਣਤਰ ਵਿਚ ਵਿਚਰਦੇ ਜਿਹੜੇ ਕਾਰਕ ਕਰਤਾ ਨਾਂਵ ਜਾਂ ਕਰਮ ਨਾਂਵ ਦੀ ਕਿਰਿਆ ਦੇ ਸਥਾਨ ਨੂੰ ਪੇਸ਼ ਕਰਦਾ ਹੈ, ਅਧਿਕਰਨ ਕਾਰਕ ਅਖਵਾਉਂਦਾ ਹੈ । ਜਿਵੇਂ :

ਮੱਕੀ ਕੋਠੜੀ ਵਿਚ ਇਕੱਠੀ ਕਰ ਲਈ ਹੈ ।

**ਪ੍ਰਸਤੁਤ ਕਰਤਾ :**

**ਮਨਪ੍ਰੀਤ ਕੌਰ**

**ਪੰਜਾਬੀ ਵਿਭਾਗ**